# ਦਫਤਰੀ ਹੁਕਮ

ਹੁਕਮ ਨੰ:2335 ਮਿਤੀ:21.07.2016

ਨਿਮਨਹਸਤਾਖਰ ਦੇ ਧਿਆਨ ਵਿਚ ਆਇਆ ਹੈ ਕਿ ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਅਧਿਕਾਰੀ/ਕਰਮਚਾਰੀ ਆਪਣੀ ਛੁੱਟੀ ਸਮਰੱਥ ਅਧਿਕਾਰੀ ਪਾਸੋਂ ਪ੍ਰਵਾਨ ਨਹੀ ਕਰਵਾਉਂਦੇ ਅਤੇ ਛੁੱਟੀ ਤੇ ਚਲੇ ਜਾਂਦੇ ਹਨ, ਜੋ ਕਿ ਇੱਕ ਗਲਤ ਪ੍ਰਥਾ ਹੈ। ਇਸ ਲਈ ਹੇਠ ਅਨੁਸਾਰ ਹੁਕਮ ਜਾਰੀ ਕੀਤੇ ਜਾਂਦੇ ਹਨ:-

| ਲੜੀ ਨੰ: | ਛੁੱਟੀ ਦਾ ਸਮਾਂ | ਸਿਫਾਰਸ਼ ਕਰਨ ਵਾਲਾ ਅਧਿਕਾਰੀ | ਛੁੱਟੀ ਪ੍ਰਵਾਨ ਕਰਨ ਹਿੱਤ ਸਮਰੱਥ ਅਧਿਕਾਰੀ |
|---|---|---|---|
| 1 | 4 ਦਿਨ ਤੱਕ ਦੀ ਅਚਨਚੇਤ ਛੁੱਟੀ | ----- | ਸੁਪਰਡੰਟ/ ਸੰਬੰਧਤ ਸ਼ਾਖਾ ਮੁਖੀ |
| 2 | ਜੇ.ਈ.,ਐਸ.ਡੀ ਓ, ਦੀ 4 ਦਿਨ ਤੱਕ ਦੀ ਅਚਨਚੇਤ ਛੁੱਟੀ | ----- | XEN (XEN ਦੀ ਛੁੱਟੀ ਐਸ.ਈ. ਵੱਲੋਂ ਮੰਜੂਰ ਕੀਤੀ ਜਾਵੇਗੀ) |
| 3 | 10 ਦਿਨ ਤੱਕ ਕਮਾਈ ਛੁੱਟੀ | ਸੁਪਰਡੰਟ/ SDO/ XEN | ਵਧੀਕ ਕਮਿਸ਼ਨਰ/ ਐਸ.ਈ. |
| 4 | ਜੇ.ਈ.,ਐਸ.ਡੀ ਓ,XEN ਦੀ 10 ਦਿਨ ਤੱਕ ਦੀ ਕਮਾਈ ਛੁੱਟੀ | ----- | ਵਧੀਕ ਕਮਿਸ਼ਨਰ |
| 5 | 10 ਦਿਨ ਤੋਂ 30 ਦਿਨ ਤੱਕ ਦੀ ਕਮਾਈ ਛੁੱਟੀ | ਸੁਪਰਡੰਟ/ਐਸ.ਈ./ਸ਼ਾਖਾ ਮੁਖੀ | ਕਮਿਸ਼ਨਰ |
| 6 | ਜੇ.ਈ.,ਐਸ.ਡੀ ਓ,XEN ਦੀ 10 ਦਿਨ ਤੋਂ 30 ਦਿਨ ਤੱਕ ਦੀ ਕਮਾਈ ਛੁੱਟੀ | ਐਸ.ਈ. | ਕਮਿਸ਼ਨਰ |
| 7 | ਜੇ.ਈ.,ਐਸ.ਡੀ ਓ,XEN ਦੀ 30 ਦਿਨ ਤੋਂ ਵੱਧ ਦੀ ਕਮਾਈ ਛੁੱਟੀ | ਵਧੀਕ ਕਮਿਸ਼ਨਰ | ਨਿਯੁਕਤੀ ਕਰਤਾ ਅਧਿਕਾਰੀ |
| 8 | 30 ਦਿਨ ਤੋਂ ਵੱਧ ਕਮਾਈ ਛੁੱਟੀ | ਸੁਪਰਡੰਟ/ਐਸ.ਈ./ਸ਼ਾਖਾ ਮੁਖੀ | ਨਿਯੁਕਤੀ ਕਰਤਾ ਅਧਿਕਾਰੀ |
| 9 | ਵਿਦੇਸ਼ੀ ਛੁੱਟੀ (ਸਾਰੇ ਕਰਮਚਾਰੀ) | ਸੁਪਰਡੰਟ/ਸ਼ਾਖਾ ਮੁਖੀ/ਐਸ.ਈ. | ਨਿਯੁਕਤੀ ਕਰਤਾ ਅਧਿਕਾਰੀ |

ਹਰ ਅਧਿਕਾਰੀ/ਕਰਮਚਾਰੀ ਆਪਣੀ ਛੁੱਟੀ ਸਮਰੱਥ ਅਧਿਕਾਰੀ ਪਾਸੋਂ ਪ੍ਰਵਾਨ ਕਰਨ ਉਪਰੰਤ ਹੀ ਛੁੱਟੀ ਤੇ ਜਾਵੇਗਾ। ਬਿਲ ਕਲਰਕ ਯਕੀਨੀ ਬਨਾਉਣਗੇ ਕਿ ਛੁੱਟੀ ਸਮਰੱਥ ਅਧਿਕਾਰੀ ਪਾਸੋਂ ਪ੍ਰਵਾਨ ਕੀਤੀ ਗਈ ਹੈ ਜਾਂ ਨਹੀ ਅਤੇ ਇਸ ਵਿਚ ਕਿਸੇ ਤਰਾਂ ਦੀ ਅਣਗਹਿਲੀ ਹੁੰਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸੰਬੰਧਤ ਬਿਲ ਕਲਰਕ ਦੀ ਹੋਵੇਗੀ।

ਉਪਰੋਕਤ ਤੋਂ ਇਲਾਵਾ ਇਹ ਵੀ ਵੇਖਣ ਵਿਚ ਆਇਆ ਹੈ ਕਿ ਨਗਰ ਨਿਗਮ, ਜਲੰਧਰ ਦੇ ਅਧਿਕਾਰੀ/ ਕਰਮਚਾਰੀ ਪਹਿਲਾਂ ਤਾਂ ਦਫਤਰ ਨੂੰ ਬਿਨਾਂ ਸੂਚਿਤ ਕੀਤੇ ਆਪਣੀ ਡਿਊਟੀ ਤੋਂ ਲਗਾਤਾਰ ਗੈਰ ਹਾਜ਼ਰ ਹੋ ਜਾਂਦੇ ਹਨ, ਬਾਅਦ ਵਿਚ ਜਦੋਂ ਡਿਊਟੀ ਜੁਆਇਨ ਕਰਦੇ ਹਨ ਤਾਂ ਮੈਡੀਕਲ ਸਰਟੀਫਿਕੇਟ ਬਣਵਾ ਕੇ ਆਪਣੀ ਗੈਰ ਹਾਜਰੀ ਨੂੰ ਮੈਡੀਕਲ ਛੁੱਟੀ ਵਿਚ ਤਸੱਵਰ ਕਰਵਾਉਂਦੇ ਹਨ। ਇਸ ਲਈ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਿਮਾਰੀ ਕਾਰਣ ਦਫਤਰ ਵਿਚ ਹਾਜਰ ਨਾ ਹੋਣ ਦੀ ਅਸਮਰੱਥਤਾ ਵਿਚ ਸੰਬੰਧਤ ਅਧਿਕਾਰੀ/ਕਰਮਚਾਰੀ ਆਪਣੇ ਪਰਿਵਾਰਿਕ ਮੈਂਬਰ ਜਾਂ ਢੁਕਵੇਂ ਵਿਅਕਤੀ ਰਾਹੀਂ ਆਪਣੀ ਛੁੱਟੀ ਭੇਜਣਾ ਯਕੀਨੀ ਬਣਾਵੇਗਾ ਅਤੇ ਜੇਕਰ ਕੋਈ ਕਰਮਚਾਰੀ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਚਲ ਰਿਹਾ ਹੋਵੇ ਤਾਂ ਸੰਬੰਧਤ ਸ਼ਾਖਾ ਮੁਖੀ/ਸੁਪਰਡੰਟ ਤੁਰੰਤ ਹੀ ਉਸ ਕਰਮਚਾਰੀ ਵਿਰੁਧ ਬਣਦੀ ਕਾਰਵਾਈ ਅਰੰਭਣੀ ਯਕੀਨੀ ਬਨਾਉਣਗੇ, ਆਪਣੇ ਪੱਧਰ ਤੇ ਲੋੜੀਂਦੀ ਕਾਰਵਾਈ ਕਰਨ ਉਪਰੰਤ ਅਗਲੇਰੀ ਕਾਰਵਾਈ ਹਿਤ ਕੇਸ ਅਮਲਾ ਸ਼ਾਖਾ ਨੂੰ ਭੇਜਣਗੇ।

ਨੋਟ:- ਬਿਲ ਕਲਰਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਅਧਿਕਾਰੀ/ ਕਰਮਚਾਰੀ ਦੀ ਤਨਖਾਹ ਹਾਜਰੀ ਰਿਪੋਰਟ ਤੋਂ ਬਿਨਾਂ ਨਹੀ ਬਨਾਉਣਗੇ।

ਸਹੀ/-
ਕਮਿਸ਼ਨਰ